Punjab Government Gazette

Published by Authority

No. 23] CHANDIGARH, FRIDAY, JUNE 5, 2026 (JYAISTHA 15 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਛਪਾਈ ਤੇ ਲਿਖਣ ਸਮੱਗਰੀ ਵਿਭਾਗ

(ਛਪਾਈ ਤੇ ਲਿਖਣ ਸਮੱਗਰੀ ਸ਼ਾਖਾ)

ਹੁਕਮ

ਜਿਵੇਂ ਕਿ ਸ਼੍ਰੀ ਲਖਬੀਰ ਸਿੰਘ ਸੁਪਰਡੰਟ ਗ੍ਰੇਡ-2 ਮੁੱਖ ਦਫਤਰ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਨੂੰ ਵਿਜੀਲੈਂਸ ਵਿਭਾਗ ਵੱਲੋਂ 2500/- ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀ ਫੜੇ ਜਾਣ ਤੇ ਐਫ.ਆਈ.ਆਰ ਨੰ:06 ਮਿਤੀ 03.04.2025 (U/s 7 Prevention of Corruption Act 1988 as amended by PC (amendement) Act 2018, Police Station, Vigilance Bureau, F.S.-1 Punjab at Mohali) ਦਰਜ ਕੀਤੇ ਜਾਣ ਕਾਰਨ ਅਤੇ ਇਸ ਅਧਿਕਾਰੀ ਦੇ ਡਿਊਟੀ ਤੋਂ ਗੈਰ-ਹਾਜ਼ਰ ਹੋਣ ਕਾਰਨ ਉਸਨੂੰ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ), ਨਿਯਮਾਂਵਲੀ 1970 ਦੇ ਨਿਯਮ 4(2)(a) ਅਧੀਨ ਐਫ.ਆਈ.ਆਰ. ਦਰਜ ਹੋਣ ਦੀ ਮਿਤੀ ਤੋਂ ਸਰਕਾਰ ਵੱਲੋਂ ਪੱਤਰ ਨੰ. 1/12/2025-1ਪਸ/1071751 ਮਿਤੀ 04.04.2025 ਰਾਹੀਂ ਮੁਅੱਤਲ ਕੀਤਾ ਹੋਇਆ ਹੈ।

2. ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26 ਵਿੱਚ ਉਪਬੰਧਾ ਅਨੁਸਾਰ ਕਿਸੇ ਦਰਜਾ 1,2 ਅਤੇ 3 ਕਰਮਚਾਰੀ ਦੀ ਉਮਰ 58 ਸਾਲ ਪੂਰੀ ਹੋਣ ਉਪਰੰਤ ਉਸਨੂੰ ਹਰ ਹਾਲਤ ਵਿੱਚ ਨੌਕਰੀ/ਡਿਊਟੀ ਤੋਂ ਸੇਵਾ ਨਿਵਰਿਤ ਕੀਤਾ ਜਾਣਾ ਜਰੂਰੀ ਹੈ।ਸ਼੍ਰੀ ਲਖਬੀਰ ਸਿੰਘ, (ਦਿਵਾਆਂਗ) ਸੁਪਰਡੰਟ ਗ੍ਰੇਡ-2 ਮਾਰਫਤ ਦਫਤਰ ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ,ਚੰਡੀਗੜ੍ਹ,ਜਿਨ੍ਹਾਂ ਦੀ ਜਨਮ ਮਿਤੀ 05.04.1966 ਹੈ, ਵੱਲੋਂ 60 ਸਾਲ ਦੀ ਉਮਰ ਪੂਰੀ ਕਰ ਲਈ ਗਈ ਹੈ। ਪੰਜਾਬ ਸਿਵਲ ਸੇਵਾਵਾ(ਸਜ਼ਾ ਤੇ ਅਪੀਲ) ਨਿਯਮਾਂਵਲੀ, 1970 ਦੇ ਰੂਲ ਪੈਰ੍ਹਾ 4 ਵਿੱਚ,**ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26 ਵਿੱਚ ਕੀਤੇ ਉਪਬੰਧਾਂ ਅਨੁਸਾਰ ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ 2 ਦੇ ਨਿਯਮ 2.2 ਅਨੁਸਾਰ ਵਿਚਾਰਦੇ ਹੋਏ, ਸ਼੍ਰੀ ਲਖਬੀਰ ਸਿੰਘ ਸੁਪਰਡੰਟ ਗ੍ਰੇਡ-2 ਨੂੰ ਮਿਤੀ 30.04.2026 (ਬਾ.ਦੁ.) ਨੂੰ ਸਰਕਾਰੀ ਸੇਵਾ ਤੋਂ ਹੇਠ ਲਿਖੀਆਂ ਸ਼ਰਤਾਂ ਤੇ ਸੇਵਾ ਨਿਵਿਰਤ ਕੀਤਾ ਜਾਂਦਾ ਹੈ:-**

ੳ) ਅਧਿਕਾਰੀ ਨੂੰ ਸੇਵਾ ਨਿਵਰਿਤੀ ਉਪਰੰਤ ਮਿਲਣਯੋਗ ਵਿੱਤੀ ਲਾਭ ਉਸ ਵਿਰੁੱਧ ਚੱਲ ਰਹੀਂ ਐਫ.ਆਈ.ਆਰ ਨੰ:06 ਮਿਤੀ 03.04.2025 (U/s 7 Prevention of Corruption Act 1988 as amended by PC (amendment) Act 2018 ਮੁਕੱਦਮੇ ਵਿੱਚ ਆਉਣ ਵਾਲੇ ਫੈਸਲੇ ਤੇ ਨਿਰਭਰ ਹੋਣਗੇ।

ਅ) ਇਸ ਅਧਿਕਾਰੀ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕਰੀਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਵਿਰੁੱਧ ਸੀ.ਐਸ.ਆਰ. ਭਾਗ-II ਦੇ ਨਿਯਮ 2.2 ਅਤੇ ਵਿੱਤ ਵਿਭਾਗ/ਪੰਜਾਬ

ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਸਦੀ ਗਰੈਚੂਟੀ/ਲੀਵ ਇੰਨਕੈਸ਼ਮੈਂਟ/ਪੈਨਸ਼ਨ ਵਿੱਚੋਂ ਕਰ ਲਈ ਜਾਵੇਗੀ ।

ਏ) ਇਸ ਅਧਿਕਾਰੀ ਵਿਰੁੱਧ ਚਾਰਜਸ਼ੀਟ ਸਰਕਾਰ ਦੇ ਪੱਤਰ ਨੰ.1/12/2025-1ਪਸ/8-11 ਮਿਤੀ 12.02.2026 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ,1970 ਦੇ ਨਿਯਮ 8 ਅਧੀਨ ਜਾਰੀ ਕੀਤੀ ਗਈ ਸੀ, ਲੰਬਿਤ ਚਾਰਜਸ਼ੀਟ ਅਤੇ ਐਫ.ਆਈ.ਆਰ ਨੰ:06 ਮਿਤੀ 03.04.2025 (U/s 7 Prevention of Corruption Act 1988 as amended by PC (amendment) Act 2018 ਮੁਕੱਦਮੇ ਵਿੱਚ ਆਉਣ ਵਾਲਾ ਅੰਤਿਮ ਫੈਸਲਾ ਅਧਿਕਾਰੀ ਤੇ ਇੰਨ-ਬਿੰਨ ਲਾਗੂ ਹੋਵੇਗਾ।

ਸ) ਜੇਕਰ ਇਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਸਬੰਧ ਵਿਰੁੱਧ ਕਾਰਵਾਈ ਜਾਰੀ ਦਾ ਹੱਕ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਇਸ ਅਧਿਕਾਰੀ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਅਤੇ ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਪਾਸ ਰਾਖਵਾਂ ਹੋਵੇਗਾ, ਇਸ ਅਧਿਕਾਰੀ ਦਾ ਪੈਨਸ਼ਨ ਸਬੰਧੀ ਇਤਰਾਜਹੀਨਤਾ ਸਰਟੀਫਿਕੇਟ ਜਾਰੀ ਕਰਨ ਦਾ ਫੈਸਲਾ ਬਾਅਦ ਵਿੱਚ ਲਿਆ ਜਾਵੇਗਾ।

3. ਇਹ ਹੁਕਮ ਮੰਤਰੀ ਇੰਚਾਰਜ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਅਮਿਤ ਢਾਕਾ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਛਪਾਈ ਤੇ ਲਿਖਣ ਸਮੱਗਰੀ ਵਿਭਾਗ

ਚੰਡੀਗੜ੍ਹ
ਮਿਤੀ 30 ਅਪ੍ਰੈਲ, 2026

3735/6-2026/Pb. Govt. Press, S.A.S. Nagar